[Picture]

# ਤਬਾਦਲੇ ਵਾਸਤੇ ਅਰਜ਼ੀ

# ਕਿਵੇਂ ਦੇਈਏ?

london&quadrant housing trust

ਇਹ ਕਿਤਾਬਚਾ ਐੱਲ. ਐਂਡ ਕਿਊ. ਦੀ ਚੋਣ-ਆਧਾਰਿਤ ਤਬਾਦਲਾ ਯੋਜਨਾ (Choice Based Transfer Scheme) ਬਾਰੇ ਵਧੇਰੇ ਜਾਣਕਾਰੀ ਦਿੰਦਾ ਹੈ ਜੋ ਤੁਹਾਨੂੰ, ਤੁਸੀਂ ਕਿੱਥੇ ਰਹਿਣਾ ਚਾਹੁੰਦੇ ਹੋ, ਵਿੱਚ ਵਧੇਰੇ ਦਲੀਲ ਪੇਸ਼ ਕਰਨ ਦੇ ਯੋਗ ਬਣਾਉਂਦੀ ਹੈ।

## ਤਬਾਦਲੇ ਵਾਸਤੇ ਕੌਣ ਅਰਜ਼ੀ ਦੇ ਸਕਦਾ ਹੈ?

ਤੁਸੀਂ ਅਰਜ਼ੀ ਦੇ ਸਕਦੇ ਹੋ ਜੇ ਤੁਸੀਂ ਪਹਿਲਾਂ ਹੀ ਕਿਸੇ ਐੱਲ. ਐਂਡ ਕਿਊ. ਘਰ ਵਿੱਚ ਰਹਿ ਰਹੇ ਹੋ ਜਿਸ ਵਿੱਚ ਸ਼ਰਣ ਵਾਲੇ ਅਤੇ ਸਹਾਇਤਾ ਪ੍ਰਾਪਤ ਘਰ ਵੀ ਸ਼ਾਮਲ ਹਨ। ਤਬਾਦਲਾ ਸੂਚੀ ਤੇ ਪ੍ਰਾਥਮਿਕਤਾ ਦੇਣ ਦੀ ਸਾਡੀ ਅੰਕਾਂ ਤੇ ਆਧਾਰਿਤ ਪ੍ਰਣਾਲੀ ਹੁਣ ਹੋਰ ਉਪਲਬਧ ਨਹੀਂ ਹੈ।

## ਮੇਰੀ ਅਰਜੀ ਦਾ ਮੁਲਾਂਕਣ ਕਿਵੇਂ ਕੀਤਾ ਜਾਵੇਗਾ?

ਅਸੀਂ ਤੁਹਾਨੂੰ ਇੱਕ ਤਬਾਦਲਾ ਅਰਜ਼ੀ ਫਾਰਮ ਭਰਨ ਵਾਸਤੇ ਕਹਾਂਗੇ ਅਤੇ ਫੇਰ ਤੁਹਾਡੇ ਵਿਸਥਾਰਾਂ ਦੀ ਪੜਤਾਲ ਲਈ ਅਸੀਂ ਇੱਕ ਘਰ ਫੇਰੀ ਜਾਂ ਸਾਡੇ ਦਫਤਰ ਵਿੱਚ ਇੰਟਰਵਿਊ ਦਾ ਪ੍ਰਬੰਧ ਕਰ ਸਕਦੇ ਹਾਂ। ਇਹ ਸਾਨੂੰ ਇਹ ਮੁਲਾਂਕਣ ਕਰਨ ਦੀ ਆਗਿਆ ਦਿੰਦਾ ਹੈ ਕਿ ਤੁਸੀਂ ਥਾਂ ਬਦਲੀ ਕਿਉਂ ਕਰਨਾ ਚਾਹੁੰਦੇ ਹੋ, ਤੁਹਾਡੀਆਂ ਲੋੜਾਂ ਨੂੰ ਸਭ ਤੋਂ ਵਧੀਆ ਤਰੀਕੇ ਨਾਲ ਪੂਰਾ ਕਰਨ ਵਾਲੇ ਘਰ ਦੀ ਕਿਸਮ ਅਤੇ ਤੁਸੀਂ ਕਿੰਨ੍ਹਾਂ ਖੇਤਰਾਂ ਵਿੱਚ ਜਾਣਾ ਚਾਹੋਂਗੇ। ਫੇਰ ਅਸੀਂ ਤੁਹਾਨੂੰ ਤੁਹਾਡੀ ਅਰਜ਼ੀ ਦੀ ਇੱਕ ਕਾਪੀ ਇਸ ਪੁਸ਼ਟੀ ਦੇ ਨਾਲ ਭੇਜਾਂਗੇ ਕਿ ਤੁਸੀਂ ਸੂਚੀ ਵਿੱਚ ਪੰਜੀਕਿਰਤ (registered) ਹੋ।

## ਜੇ ਮੇਰੀਆਂ ਕੋਈ ਮੈਡੀਕਲ ਲੋੜਾਂ ਹਨ ਤਾਂ ਕੀ ਵਾਪਰਦਾ ਹੈ?

ਅਸੀਂ ਤੁਹਾਡੀ ਅਰਜ਼ੀ ਸਾਡੇ ਮੈਡੀਕਲ ਸਲਾਹਕਾਰ ਕੋਲ ਤੋਰ ਦਿਆਂਗੇ, ਜਿਹੜਾ ਇੱਕ GP ਹੁੰਦਾ ਹੈ ਜਿਹੜਾ ਸਾਡੇ ਹਿਤ ਇੱਕ ਮੁਲਾਂਕਣ ਕਰਨ ਵਾਸਤੇ ਅਧਿਕ੍ਰਿਤ ਹੁੰਦਾ ਹੈ। ਉਹ ਮੁਲਾਂਕਣ ਕਰਨਗੇ ਕਿ ਕੀ ਤੁਹਾਡੀਆਂ ਕੋਈ ਵਿਸ਼ੇਸ਼ ਲੋੜਾਂ ਹਨ, ਜਿਵੇਂ ਕਿ ਤੁਹਾਡੇ ਘਰ ਤੱਕ ਇੱਕ ਪੱਧਰੀ ਪਹੁੰਚ ਜਾਂ ਇੱਕ ਵਾਧੂ ਕਮਰਾ। ਤੁਹਾਨੂੰ ਹਮਾਇਤ ਕਰਦੇ ਸਬੂਤ ਪ੍ਰਦਾਨ ਕਰਨ ਦੀ ਲੋੜ ਹੋਵੇਗੀ।

## ਕੀ ਮੈਂ ਉਹਨਾਂ ਖੇਤਰਾਂ ਦੀ ਚੋਣ ਕਰ ਸਕਦਾ ਹਾਂ ਜਿੰਨ੍ਹਾਂ ਵਿੱਚ ਮੇਰੀ ਦਿਲਚਸਪੀ ਹੈ?

ਹਰੇਕ ਸਥਾਨਕ ਅਥਾਰਟੀ ਬਰੋਆਂ (boroughs) ਵਿੱਚ ਜਿੱਥੇ ਵੀ ਸਾਡੇ ਘਰ ਹਨ, ਅਸੀਂ ਸਾਡੇ ਦਾਇਰੇ ਵਿੱਚ ਆਉਂਦੇ ਖੇਤਰਾਂ ਨੂੰ ਛੋਟੇ ਖੇਤਰਾਂ ਵਿੱਚ ਤੋੜ ਦਿੱਤਾ ਹੈ। ਤੁਹਾਡੇ ਚੁਣਨ ਵਾਸਤੇ, ਇਹਨਾਂ ਦੀ ਇੱਕ ਪੂਰੀ ਸੂਚੀ ਤੁਹਾਡੇ ਸਥਾਨਕ ਦਫਤਰ ਵਿੱਚ ਉਪਲਬਧ ਹੈ। ਅਸੀਂ ਤੁਹਾਨੂੰ ਇਹ ਵੀ ਜਾਨਣ ਦੇ ਸਕਦੇ ਹਾਂ :

- ਇਹਨਾਂ ਖੇਤਰਾਂ ਵਿੱਚ ਕਿੰਨੇ ਕੁ ਲੋਕ ਜਾਇਦਾਦ ਦੇ ਹਰੇਕ ਆਕਾਰ ਵਾਸਤੇ ਉਡੀਕ ਕਰ ਰਹੇ ਹਨ।
- ਕਿੰਨੇ ਕੁ ਲੋਕ ਇਹਨਾਂ ਖੇਤਰਾਂ ਵਿੱਚ ਸਫਲਤਾ ਪੂਰਵਕ ਚਲੇ ਗਏ ਹਨ।

## ਜਿਸ ਤਰੀਕੇ ਨਾਲ ਮੇਰੀ ਅਰਜ਼ੀ ਦਾ ਪ੍ਰਬੰਧਨ ਕੀਤਾ ਗਿਆ ਹੈ, ਜੇ ਮੈਂ ਉਸਤੋਂ ਨਾ-ਖੁਸ਼ ਹਾਂ ਤਾਂ ਕੀ?

ਤੁਸੀਂ ਕਿਸੇ ਵੀ ਕਿਸਮ ਦੀਆਂ ਟਿੱਪਣੀਆਂ ਜਾਂ ਸ਼ਿਕਾਇਤਾਂ ਨੂੰ ਦਰਜ ਕਰ ਸਕਦੇ ਹੋ, ਜਾਂ ਸਾਡੀ ਗ੍ਰਾਹਕ ਪ੍ਰਤੀ-ਉੱਤਰ (Customer Feedback) ਪ੍ਰਕਿਰਿਆ ਰਾਹੀਂ ਕਿਸੇ ਫੈਸਲੇ ਵਿਰੁੱਧ ਅਪੀਲ ਕਰ ਸਕਦੇ ਹੋ। ਵਧੇਰੇ ਵਿਸਥਾਰ ਕਿਤਬਚੇ *ਸਾਨੂੰ ਦੱਸੋ ਤੁਸੀਂ ਕੀ ਸੋਚਦੇ ਹੋ,* ਵਿੱਚ ਦੇਖੇ ਜਾ ਸਕਦੇ ਹਨ ਜਾਂ ਆਪਣੇ ਸਥਾਨਕ ਦਫਤਰ ਤੋਂ ਪੁੱਛੋ।

## ਪੇਸ਼ਕਸ਼ਾਂ ਕਿਸ ਆਧਾਰ ਤੇ ਕੀਤੀਆਂ ਜਾਣਗੀਆਂ?

ਅਸੀਂ ਤੁਹਾਡੀ ਅਰਜ਼ੀ ਦਾ, ਤੁਹਾਡੇ ਵੱਲੋਂ ਚੁਣੇ ਗਏ ਖੇਤਰਾਂ ਵਿੱਚ, ਤੁਹਾਨੂੰ ਲੋੜੀਂਦੇ ਆਕਾਰ ਦੀਆਂ ਇਮਾਰਤਾਂ ਨਾਲ ਮੇਲ ਕਰਾਂਗੇ। ਸਭ ਤੋਂ ਪਹਿਲਾਂ ਇਮਾਰਤਾਂ ਦੀ ਪੇਸ਼ਕਸ਼ ਅਸੀਂ ਉਹਨਾਂ ਨੂੰ ਕਰਾਂਗੇ ਜਿਹੜੇ ਸੂਚੀ ਵਿੱਚ ਸਭ ਤੋਂ ਲੰਬੇ ਸਮੇਂ ਤੋਂ ਹਨ।

## ਜੇਕਰ ਮੇਰੇ ਅਰਜ਼ੀ ਕਿਸੇ ਪੇਸ਼ਕਸ਼ ਨਾਲ ਮੇਲ ਖਾ ਜਾਂਦੀ ਹੈ ਤਾਂ ਮੈਂ ਕਿਵੇਂ ਜਾਣਾਂਗਾ ?

ਅਸੀਂ ਤੁਹਾਨੂੰ ਸਾਡੇ ਵੱਲੋ ਪੇਸ਼ਕਸ਼ ਕੀਤੇ ਜਾ ਸਕਦੇ ਘਰ, ਦੇਖਣ ਦੇ ਪ੍ਰਬੰਧਾਂ ਅਤੇ ਉਹ ਤਾਰੀਖ ਜਿਸ ਤੱਕ ਤੁਹਾਨੂੰ ਲਾਜ਼ਮੀ ਤੌਰ ਤੇ ਜਵਾਬ ਦੇਣਾ ਚਾਹੀਦਾ ਹੈ, ਬਾਰੇ ਦੱਸਣ ਵਾਸਤੇ ਤੁਹਾਨੂੰ ਲਿਖਾਂਗੇ। ਇਸੇ ਸਮੇਂ ਅਸੀਂ ਹੋਰਨਾਂ ਵਸਨੀਕਾਂ ਨੂੰ ਵੀ ਲਿਖਾਂਗੇ ਜਿੰਨ੍ਹਾਂ ਦੇ ਵਿਸਥਾਰ ਇਮਾਰਤ ਨਾਲ ਮੇਲ ਖਾਂਦੇ ਹਨ। ਤੁਹਾਨੂੰ ਇੱਕੋ ਹੀ ਤਾਰੀਖ ਤੱਕ ਜਵਾਬ ਦੇਣ ਲਈ ਆਖਿਆ ਜਾਵੇਗਾ।

## ਮੈਂ ਪੇਸ਼ਕਸ਼ ਨੂੰ ਕਿਵੇਂ ਸਵੀਕਾਰ ਕਰਦਾ ਹਾਂ?

ਇਮਾਰਤ ਵਿੱਚ ਤੁਹਾਡੀ ਦਿਲਚਸਪੀ ਨੂੰ ਦਰਜ ਕਰਨ ਲਈ ਤੁਹਾਨੂੰ ਇੱਕ ਮੋੜਨਯੋਗ 100 ਪੌਂਡ ਦੀ ਫੀਸ. ਪੇਸ਼ਕਸ਼ ਕੀਤੇ ਜਾਣ ਦੇ ਪੰਜ ਦਿਨਾਂ ਦੇ ਅੰਦਰ ਅਦਾ ਕਰਨ ਵਾਸਤੇ ਕਿਹਾ ਜਾਵੇਗਾ। ਇੱਕ ਵਾਰ ਜਦੋਂ ਜਵਾਬ ਦੀ ਤਾਰੀਖ ਲੰਘ ਜਾਂਦੀ ਹੈ ਤਾਂ ਅਸੀਂ ਉਸ ਬਿਨੈਕਾਰ ਨੂੰ ਪੇਸ਼ਕਸ਼ ਕਰਾਂਗੇ ਜਿਹੜਾ ਸੂਚੀ ਵਿੱਚ ਸਭ ਤੋਂ ਲੰਮੇ ਸਮੇਂ ਤੋਂ ਉਡੀਕ ਕਰਦਾ ਆ ਰਿਹਾ ਹੈ। ਉਹਨਾਂ ਬਿਨੈਕਾਰਾਂ ਦੀ ਫੀਸ ਤੁਰੰਤ ਮੋੜ ਦਿੱਤੀ ਜਾਵੇਗੀ ਜਿੰਨ੍ਹਾਂ ਨੂੰ ਪੇਸ਼ਕਸ਼ ਨਹੀਂ ਕੀਤੀ ਗਈ।

## ਇੱਕ ਵਾਰ ਜਦੋਂ ਮੈਂ ਕੋਈ ਪੇਸ਼ਕਸ਼ ਪ੍ਰਾਪਤ ਕਰ ਲਈ ਹੈ, ਤਾਂ ਮੇਰੀ ਮੋੜਨਯੋਗ ਫੀਸ ਦਾ ਕੀ ਹੁੰਦਾ ਹੈ?

ਇਹ ਤੁਹਾਨੂੰ ਸਮੁੱਚੇ ਰੂਪ ਵਿੱਚ ਵਾਪਸ ਕਰ ਦਿੱਤੀ ਜਾਵੇਗੀ ਬਸ਼ਰਤੇ :

- ਤੁਸੀਂ ਹੋਰਨਾਂ ਬਿਨੈਕਾਰਾਂ ਨੂੰ ਤੁਹਾਡੇ ਮੌਜੂਦਾ ਘਰ ਨੂੰ ਦੇਖਣ ਦੇਣ ਵਾਸਤੇ ਸਹਿਮਤ ਹੁੰਦੇ ਹੋ, ਜਦੋਂ ਕਿ ਤੁਸੀਂ ਅਜੇ ਓਥੇ ਹੀ ਰਹਿ ਰਹੇ ਹੋਵੋਂ
- ਤੁਸੀਂ ਆਪਣੇ ਘਰ ਨੂੰ ਚੰਗੀ ਅਤੇ ਸਾਫ ਹਾਲਤ ਵਿੱਚ ਛੱਡਦੇ ਹੋ।
- ਤੁਸੀਂ ਆਪਣੀਆਂ ਸਾਰੀਆਂ ਚੀਜਾਂ ਅਤੇ ਕੋਈ ਵੀ ਕੂੜਾ ਆਪਣੇ ਨਾਲ ਲੈ ਜਾਂਦੇ ਹੋ ਜਦੋਂ ਤੁਸੀਂ ਆਪਣਾ ਮੌਜੂਦਾ ਘਰ ਛੱਡਦੇ ਹੋ।

ਜੇ ਤੁਸੀਂ ਪੇਸ਼ਕਸ਼ ਠੁਕਰਾ ਦਿੰਦੇ ਹੋ ਤਾਂ ਫੀਸ ਵਾਪਸ ਨਹੀਂ ਕੀਤੀ ਜਾਵੇਗੀ।

## ਜੇ ਮੈਂ ਕੀਤੀ ਗਈ ਪੇਸ਼ਕਸ਼ ਨੂੰ ਸਵੀਕਾਰ ਨਹੀਂ ਕਰਦਾ ਤਾਂ ਕੀ ਹੁੰਦਾ ਹੈ?

ਤੁਹਾਡੀ ਅਰਜ਼ੀ ਸੂਚੀ ਤੇ ਹੀ ਰਹੇਗੀ ਅਤੇ ਅਸੀਂ ਤੁਹਾਨੂੰ ਕਿਸੇ ਭਵਿੱਖੀ ਪੇਸ਼ਕਸ਼ਾਂ ਬਾਰੇ ਦੱਸਾਂਗੇ ਜਿੰਨ੍ਹਾਂ ਦੀ ਤੁਸੀਂ ਯੋਗਤਾ ਪੂਰੀ ਕਰਦੇ ਹੋਵੋਂ।

## ਜੇ ਮੇਰੇ ਕਿਰਾਏ ਦੇ ਬਕਾਇਆ ਹਨ ਤਾਂ ਕੀ ਮੈਂ ਚਾਲੇ ਪਾ ਸਕਦਾ ਹਾਂ?

ਨਹੀਂ। ਅਸੀਂ ਤੁਹਾਨੂੰ ਤਬਾਦਲੇ ਦੀ ਪੇਸ਼ਕਸ਼ ਤਾਂ ਹੀ ਕਰ ਸਕਦੇ ਹਾਂ ਜੇ ਤੁਹਾਡਾ ਕਿਰਾਇਆ ਖਾਤਾ ਸਾਫ ਹੈ।

## ਅਰਜ਼ੀ ਫਾਰਮ ਮੈਂ ਕਿੱਥੋਂ ਲੈ ਸਕਦਾ ਹਾਂ?

ਤੁਸੀਂ ਫਾਰਮ ਆਪਣੇ ਸਥਾਨਕ ਦਫਤਰ ਤੋਂ ਲੈ ਸਕਦੇ ਹੋ।

**ਵਧੇਰੇ ਵਿਸਥਾਰਾਂ ਅਤੇ ਇੱਕ ਤਬਾਦਲਾ ਅਰਜ਼ੀ ਫਾਰਮ ਵਾਸਤੇ ਕਿਰਪਾ ਕਰਕੇ ਹੇਠਾਂ ਦਿੱਤੇ ਆਪਣੇ ਸਥਾਨਕ ਦਫਤਰ ਨਾਲ ਸੰਪਰਕ ਕਰੋ :**

| |
|---|
| **North Thames Region**<br>**(ਨੌਰਥ ਥੇਮਜ ਰੀਜ਼ਨ)**<br>ਇਲਫੋਰਡ ਟੈਲੀਫੋਨ : 020 8262 4300 |
| **South West Thames Region**<br>**(ਸਾਊਥ ਵੈਸਟ ਥੇਮਜ ਰੀਜ਼ਨ)**<br>ਵੈਸਟ ਨੌਰਵੁੱਡ : ਟੈਲੀਫੋਨ : 020 8225 3500<br>ਬਰੈਕਨਿੱਲ, ਟੈਲੀਫੋਨ : 020 8225 3500 |
| **South East Thames Region**<br>**(ਾਊਥ ਈਸਟ ਥੇਮਜ ਰੀਜ਼ਨ)**<br>ਵੂਲਵਿੱਚ : ਟੈਲੀਫੋਨ : 020 8557 2870<br>ਬੈਕਸਲੇ : ਟੈਲੀਫੋਨ : 020 8308 3600<br>ਹੋਰਸ਼ਾਮ : ਟੈਲੀਫੋਨ : 01403 254970 |
| **Quadrant Supported Living**<br>**(ਕੁਆਡਰੰਟ ਸਪੋਰਟਿਡ ਲਿਵਿੰਗ)**<br>ਸਾਊਥ ਟੀਮ, ਲੀ-ਗਰੀਨ : ਟੈਲੀਫੋਨ : 020 8852 9181<br>ਨੌਰਥ ਟੀਮ, ਇਲਫੋਰਡ : ਟੈਲੀਫੋਨ : 020 8532 4060 |

ਤਬਾਦਲਿਆਂ ਅਤੇ ਚਾਲੇ ਪਾਉਣ ਬਾਰੇ ਜ਼ਿਆਦਾ ਜਾਣਕਾਰੀ ਸਾਡੀ ਵੈੱਬਸਾਈਟ ਤੇ ਹੈ :
***www.residentsonline.org.uk***

london&quadrant housing trust

ਤਬਾਦਲੇ ਵਾਸਤੇ ਅਰਜ਼ੀ ਕਿਵੇਂ ਦੇਈਏ/ ਜਨਵਰੀ 2004 - ਐੱਲ. ਐਂਡ ਕਿਉ. ਦੇ ਸੰਚਾਰ ਵਿਭਾਗ ਵੱਲੋਂ ਪ੍ਰਕਾਸ਼ਿਤ